# ਰੋਜਾਨਾ ਕਰਾਇਮ ਰਿਪੋਰਟ ਮਿਤੀ 25.11.2023

| ਲੜੀ ਨੰ | ਥਾਣਾ | ਮੁਕੱਦਮਾ ਨੰਬਰ, ਮਿਤੀ ਅਤੇ ਜੁਰਮ | ਬਾਹੱਦ ਰਕਬਾ | ਮੁਦੱਈ ਦਾ ਨਾਮ ਅਤੇ ਪਤਾ | ਦੋਸ਼ੀ ਦਾ ਨਾਮ | ਗ੍ਰਿਫਤਾਰੀ | ਸੰਖੇਪ ਹਲਾਤ | ਬ੍ਰਾਮਦਗੀ | ਤਫਤੀਸ਼ੀ ਅਫਸਰ ਦਾ ਨਾਮ |
|---|---|---|---|---|---|---|---|---|---|
| 1 | ਸਦਰ ਸ੍ਰੀ ਮੁਕਤਸਰ ਸਾਹਿਬ | 190 ਮਿਤੀ 24.11.2023 ਅ/ਧ 379B25/27/ 54/59 ARMS ACT | ਡਾ.ਕੇਹਰ ਸਿੰਘ ਮਾਰਕਿਟ ਸ੍ਰੀ ਮੁਕਤਸਰ ਸਾਹਿਬ | ਮੁਹੰਮਦ ਬਿਲਾਲ ਪੁੱਤਰ ਸਫੀਕ ਅਹਿਮਦ ਵਾਸੀ ਚੱਕ ਬੀੜ੍ਹ ਸਰਕਾਰ ਸ੍ਰੀ ਮੁਕਤਸਰ ਸਾਹਿਬ | ਦੋ ਨਾ ਮਾਲੂਮ ਮੋਨੇ ਨੌਜਵਾਨ | ਬਾਕੀ ਹੈ | ਮੁਦੱਈ ਨੇ ਬਿਆਨ ਕੀਤਾ ਕਿ ਮੈ ਉਕਤ ਪਤੇ ਦਾ ਰਹਿਣ ਵਾਲਾ ਹਾਂ । ਮੈ ਅਰਸਾ ਕ੍ਰੀਬ 5 ਮਹੀਨੇ ਤੋ ਸਨਿਪ ਐਨ ਸਲੀਕ ਨਾਮ ਦੀ ਸਲੂਨ ਡਾਕਟਰ ਕੇਹਰ ਸਿੰਘ ਮਾਰਕੀਟ ਵਿੱਚ ਸਲੂਨ (ਦੁਕਾਨ) ਦਾ ਮੈ ਇੰਚਾਰਜ ਲੱਗਾ ਹੋਇਆ ਹਾਂ । ਮਿਤੀ 23.11.2023 ਨੂੰ ਵਕਤ ਕ੍ਰੀਬ 09:00 ਵੱਜੇ ਰਾਤ ਦਾ ਹੋਵੇਗਾ ਮੈ ਆਪਣੇ ਮੈਨ ਗੇਟ ਦੇ ਨਾਲ ਬਣੇ ਸਲੂਨ ਅੰਦਰ ਕਾਉਟਰ ਪਰ ਖੜਾ ਸੀ ਅਤੇ ਨਾਲ ਹੀ ਮੁਹੰਮਦ ਕਾਸਿਮ ਕਾਉਟਰ ਵਿੱਚੋ ਦਰਾਜ ਖੋਲ ਕੇ ਕੇਸ਼ ਗਿਣ ਰਿਹਾ ਸੀ ਤਾ ਸਲੂਨ ਵਿੱਚ ਦੋ ਮੋਨੇ ਨੌਜਵਾਨ ਜਿਹਨਾ ਦੇ ਮੂੰਹ ਪਰਨੇ ਨਾਲ ਬੰਨੇ ਹੋਏ ਸੀ ਬਾਹਰ ਮੋਟਰਸਾਈਕਲ ਉਹਨਾ ਨੇ ਰੋਕਿਆ ਹੋਇਆ ਸੀ ਤੇ ਕਾਹਲੀ ਨਾਲ ਆਏ ।ਇਕ ਮੋਨੇ ਨੌਜਵਾਨ ਨਾ ਮਾਲੂਮ ਨੇ ਆਪਣੇ ਹੱਥ ਵਿੱਚ ਫੜੇ ਪਿਸਟਲ (ਪਿਸਤੋਲ) ਨੂੰ ਸਾਡੇ ਦੋਨਾ ਵੱਲ ਵਾਰੋ ਵਾਰੀ ਤਾਨ ਕੇ ਅਤੇ ਮੇਰੇ ਨਾਲ ਖੜੇ ਮੁਹੰਮਦ ਕਾਸਿਮ ਦੇ ਮੱਥੇ ਵੱਲ ਕਰਕੇ ਕਹਿਣ ਲੱਗੇ ਕੇ ਤੁਹਾਡੇ ਗੋਲੀ ਮਾਰ ਦਿਆਗੇ ਜਿਹਨੇ ਪੈਸੇ ਤੁਹਾਡੇ ਪਾਸ ਹਨ ਉਹੋ ਸਾਰੇ ਪੈਸੇ ਸਾਨੂੰ ਦੇ ਦਿਓ ।ਅਸੀ ਡਰਗੇ ਸਾਡੇ ਪਾਸ ਪਹਿਲਾ ਗਿਣੇ ਕੁੱਝ ਪੈਸੇ 22000/- ਰੁਪਏ ਸਾਡੇ ਹੱਥ ਵਿੱਚੋ ਝਪਟ ਮਾਰ ਕੇ ਖੋਹ ਲਏ। ਜਿਸ ਪਰ ਉਕਤ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ। | -- | ਸ..ਥ ਹਰਮੀਤ ਸਿੰਘ |
| 2 | ਲੰਬੀ | 262 ਮਿਤੀ 24.11.2023 ਅ/ਧ 379,430 IPC, ਸੈਕਸ਼ਨ 03, ਪੰਜਾਬ ਪ੍ਰੀਵੈਨਸ਼ਨ ਆਫ ਡੈਮਜ ਟੂ ਪਬਲਿਕ ਅਤੇ ਪ੍ਰਾਈਵੇਟ ਐਕਟ,2014 | ਪਿੰਡ ਲੁਹਾਰਾ ਥਾਣਾ ਕਿਲਿਆਵਾਲੀ (ਆਰਜੀ) | ਰੁੱਕਾ ਵੱਲੋ:<br>ਸ:ਥ: ਜਸਕਰਨ ਸਿੰਘ ਆਰਜੀ ਥਾਣਾ ਕਿਲਿਆਵਾ.ਲੀ | ਨਾ-ਮਾਲੂਮ | ਬਾਕੀ ਹੈ | ਸੰਖੇਪ ਹਾਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਦਰਖਾਸਤ ਨੰਬਰ 468/23 ਮਿਤੀ 24.11.2023 ਵੱਲੋ:- ਉਪ ਮੰਡਲ ਅਫਸਰ ਤਿਉਣਾ ਨਹਿਰ ਉਪ ਮੰਡਲ ਗਿਦੜਬਾਹਾ ਵਿਸ਼ਾ:- ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਵਾਲੇ ਵਿਅਕਤੀਆ ਖਿਲਾਫ ਕਾਰਵਾਈ ਕਰਨ ਸਬੰਧੀ ਮੋਘਾ ਬੁਰਜੀ 39300/ ਖੱਬਾ ਮਿਠੜੀ ਬੁਧਗਿਰ। ਉਪਰੋਤਕ ਵਿਸ਼ੇ ਦੇ ਸਬੰਧ ਵਿਚ ਬੇਨਤੀ ਸਹਿਤ ਲਿਖਿਆ ਜਾਦਾ ਹੈ ਕਿ ਅੱਜ ਮਿਤੀ 23.11.2023 ਨੂੰ ਮਿਠੜੀ ਮਾਈਨਰ ਦੀ ਬੁਰਜੀ 39300/ਖੱਬਾ (ਪਿੰਡ ਲੁਹਾਰਾ ) ਦਾ ਮੌਕਾ, ਇਸ ਦਫਤਰ ਅਧੀਨ ਕੰਮ ਕਰਦੇ ਜਿਲੇਦਾਰ ਡੱਬਵਾਲੀ ਦਲਬੀਰ ਸਿੰਘ ਅਤੇ ਹਲਕਾ ਪਟਵਾਰੀ ਰਵੀਤਾਜ ਸਿੰਘ ਨਾਲ ਦੇਖਿਆ ਗਿਆ । ਇਸ ਮੋਘੇ ਦਾ ਪੱਕਾ ਖਾਲ ਅਣਪਛਾਤੇ ਵਿਅਕਤੀਆ ਵੱਲੋ ਢਾਹ ਕੇ ਸਰਕਾਰੀ ਸੰਪਤੀ ਦਾ ਨੁਕਸਾਨ ਕੀਤਾ ਗਿਆ ਹੈ । ਖਾਲ ਦੀ ਜਗਾ ਉਪਰ ਇਕ ਅੰਡਰਗ੍ਰਾਂਉਡ ਪਾਈਪ ਲਾਈਨ ਚਲ ਰਹੀ ਹੈ । ਪੱਕੇ ਖਾਲ ਦੀਆ ਇੱਟਾ ਨੂੰ ਖੁਰਦ -ਪੁਰਦ ਕੀਤਾ ਗਿਆ ਹੈ । ਕ੍ਰਿਪਾ ਕਰਕੇ ਦੋਸ਼ੀਆ ਦੇ ਖਿਲਾਫ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਹੇਠ ਕਾਨੂੰਨੀ ਕਾਰਵਾਈ ਕੀਤੀ ਜਾਵੇ। ਜਿਸ ਤੇ ਮੁਕੱਦਮਾ ਉਕਤ ਦਰਜ ਰਜਿਸਟਰ ਕੀਤਾ ਗਿਆ ਹੈ। | - | ਸ:ਥ: ਜਸਕਰਨ ਸਿੰਘ |
| 3 | ਸਦਰ ਸ੍ਰੀ ਮੁਕਤਸਰ ਸਾਹਿਬ | 91 ਮਿਤੀ 24.11.2023 ਅ/ਧ 61/1/14 ਐਕਸਾਈਜ ਐਕਟ | ਪਿੰਡ ਫੱਤਣਵਾਲਾ | ਰੁੱਕਾ ਵੱਲੋਂ:<br>ਲੇਡੀ/ਹੌਲਦਾਰ<br>ਰਾਜ | ਜਸਵੀਰ ਕੌਰ ਪਤਨੀ ਬਲਵਿੰਦਰ ਸਿੰਘ ਵਾਸੀ ਪਿੰਡ ਫੱਤਣਵਾਲਾ | ਹੋ ਚੁੱਕੀ ਹੈ | ਬਰਾਏ ਕਰਨੇ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸਾਂ ਦੇ ਪੁਲਿਸ ਪਾਰਟੀ ਜਦੋਂ ਪਿੰਡ ਫੱਤਣਵਾਲਾ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਪੁਲਿਸ ਪਾਰਟੀ ਪਾਸ ਆ ਕਿ ਇਤਲਾਹ ਦਿੱਤੀ ਕਿ ਜਸਵੀਰ ਕੌਰ ਉਕਤ ਜੋ ਕਿ ਆਪਣੇ ਘਰ ਨਜਾਇਜ ਸ਼ਰਾਬ ਕਸੀਦ ਕਰਕੇ ਅੱਗੇ ਵੇਚਣ ਦਾ ਆਦੀ ਹੈ ਜੇਕਰ ਰੇਡ ਕੀਤੀ ਜਾਵੇ ਤਾਂ ਬਰਾਮਦਗੀ ਹੋ ਸਕਦੀ ਹੈ। ਜਿਸ ਤੇ ਉਕਤ ਇਤਲਾਹ ਠੋਸ ਅਤੇ ਭਰੋਸੇਯੋਗ ਹੋਣ ਪਰ ਉਕਤ ਮੁਕੱਦਮਾ ਦਰਜ ਰਜਿਸ਼ਟਰ ਕੀਤਾ ਗਿਆ। | 100 ਲੀਟਰ ਲਾਹਣ | ਰੁੱਕਾ ਵੱਲੋਂ:<br>ਲੇਡੀ/ਹੌਲਦਾਰ<br>ਰਾਜ |

| | | | | | | | | | |
|---|---|---|---|---|---|---|---|---|---|
| 4 | ਸਿਟੀ ਸ੍ਰੀ ਮੁਕਤਸਰ ਸਾਹਿਬ | 192 ਮਿਤੀ 24.11.2023 ਅ/ਧ 323,379B,506 25/27/54/59 ARMS ACT | ਅਜੀਤ ਸਿਨੇਮਾ ਮਾਰਕਿਟ ਸ੍ਰੀ ਮੁਕਤਸਰ ਸਾਹਿਬ | ਖੁਸ਼ਦੀਪ ਸਿੰਘ ਪੁੱਤਰ ਬਲਰਾਜ ਸਿੰਘ ਵਾਸੀ ਪਿੰਡ ਨੰਦਗੜ੍ਹ ਥਾਣਾ ਲੱਖੇਵਾਲੀ ਸ੍ਰੀ ਮੁਕਤਸਰ ਸਾਹਿਬ | 02 ਨਾਮਾਲੂਮ ਵਿਅਤਕੀ | ਬਾਕੀ ਹੈ | ਸੰਖੇਪ ਹਲਾਤ ਮੁਕੱਦਮਾ ਇਸ ਪ੍ਰਕਾਰ ਹਨ ਕਿ ਬਿਆਨਕਰਤਾ ਕ੍ਰੀਬ ਦੋ ਸਾਲ ਤੋ ਲਾਅ ਪੀਨੋਜ਼ ਪੀਜ਼ਾ ਦੀ ਦੁਕਾਨ ਬਠਿੰਡਾ ਰੋਡ ਅਜੀਤ ਸਿਨੇਮਾ ਮਾਰਕੀਟ ਵਿੱਚ ਪ੍ਰਾਈਵੇਟ ਨੌਕਰੀ ਕਰਦਾ ਹੈ। ਮਿਤੀ 23.11.2023 ਨੂੰ ਉਹ ਲਾਅ ਪੀਨੋਜ਼ ਪੀਜ਼ਾ ਦੀ ਦੁਕਾਨ ਪਰ ਹਾਜ਼ਰ ਸੀ ਤਾਂ ਉਸ ਨਾਲ ਵੀਰਪਾਲ ਕੌਰ ਪੁੱਤਰੀ ਨਾ ਮਲੂਮ ਵਾਸੀ ਸੈਦੇਕੇ ਦੂਸਰੀ ਸੋਨੀ ਕੌਰ ਪੁੱਤਰੀ ਬੌਬੀ ਸਿੰਘ ਵਾਸੀ ਸ੍ਰੀ ਮੁਕਤਸਰ ਸਾਹਿਬ ਵੀ ਹਾਜ਼ਰ ਸਨ ਤਾਂ ਵਕਤ ਕ੍ਰੀਬ 9-56 Pm ਰਾਤ ਦਾ ਹੋਵੇਗਾ ਉਹ ਦੁਕਾਨ ਬੰਦ ਕਰ ਰਹੇ ਸੀ ਬਾਹਰ ਤੇ ਦੁਕਾਨ ਅੰਦਰ ਲਾਇਟ ਚੱਲ ਰਹੀ ਸੀ। ਬਿਆਨਕਤਰਾ ਆਪਣਾ ਮੋਟਰਸਾਇਕਲ ਦੁਕਾਨ ਦੇ ਅੰਦਰ ਕਰ ਰਿਹਾ ਸੀ ਤਾਂ ਦੋ ਮੋਨੇ ਲੜਕੇ ਜਿੰਨਾਂ ਦੇ ਮੂੰਹ ਪਰਨੇ ਨਾਲ ਬੰਨੇ ਹੋਏ ਸੀ ਆਪਣਾ ਬਿਨਾ ਨੰਬਰੀ ਮੋਟਰਸਾਇਕਲ ਬਾਹਰ ਸੜਕ ਪਰ ਖੜਾ ਕਰਕੇ ਉਹਨਾਂ ਦੀ ਦੁਕਾਨ ਦੇ ਅੰਦਰ ਆ ਗਏ ਜਿੰਨਾਂ ਵਿੱਚੋ ਇੱਕ ਨੇ ਉਸਦੇ ਕੰਨ ਨਾਲ ਪਿਸਤੌਲ ਡੱਬ ਵਿੱਚੋ ਕੱਢ ਕੇ ਲਾ ਕੇ ਕਹਿਣ ਲੱਗੇ ਕਿ ਜਿੰਨੇ ਪੈਸੇ ਤੁਹਾਡੇ ਪਾਸ ਹਨ ਉਹ ਦੇ ਦਿਓ ਜੇਕਰ ਨਾ ਦਿੱਤੇ ਤਾਂ ਗੋਲੀ ਮਾਰ ਦਿਆਂਗੇ ਨਾਲ ਦੇ ਲੜਕੇ ਨੇ ਉਸਦੀ ਦੁਕਾਨ ਦੇ ਅੰਦਰ ਕੈਸ਼ ਕਾਉਂਟਰ ਵਿੱਚੋ ਤਕਰੀਬਨ 10,000/- ਰੁਪਏ ਨਕਦੀ ਕੈਸ਼ ਲੈ ਗਏ। ਜਾਂਦੇ ਸਮੇ ਉਸਦੇ ਸਿਰ ਵਿੱਚ ਪਿਸਤੌਲ ਵਾਲੇ ਲੜਕੇ ਨੇ ਪਿਸਤੌਲ ਦੇ ਦੋ ਬੱਟ ਦੇ ਵਾਰ ਕਰਕੇ ਸਿਰ ਵਿੱਚ ਸੱਟਾਂ ਮਾਰ ਗਏ। ਜਿਸ ਤੇ ਮੁਕੱਦਮਾ ਉਕਤ ਦਰਜ ਕੀਤਾ ਗਿਆ। | - | ਸ.ਥ ਲਖਵਿੰਦਰ ਸਿੰਘ |

ਸਹੀ/-
ਇੰਚਾਰਜ ਪੀ.ਸੀ.ਆਰ
ਸ੍ਰੀ ਮੁਕਤਸਰ ਸਾਹਿਬ